Australian Government
Department of Social Services

Disability Gateway
Connecting you to information and services

# ਸਾਡੇ ਬਾਰੇ

Disability Gateway ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਤਾਵਾਂ ਨੂੰ ਆਸਟ੍ਰੇਲੀਆ ਭਰ ਵਿੱਚ ਸੇਵਾਵਾਂ ਲੱਭਣ ਅਤੇ ਉਨ੍ਹਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰਦਾ ਹੈ।

## ਇਸ ਪੰਨੇ 'ਤੇ


Disability Gateway ਕੀ ਹੈ?
Disability Gateway ਕਿਸ ਲਈ ਹੈ?
ਮੈਂ Disability Gateway ਬਾਰੇ ਫੀਡਬੈਕ ਕਿਵੇਂ ਦੇਵਾਂ?
ਮੈਂ Disability Gateway ਨਾਲ ਕਿਵੇਂ ਸੰਪਰਕ ਕਰਾਂ?
ਸੇਵਾ ਪ੍ਰਦਾਤਾ ਆਪਣੀ ਸੇਵਾ ਨੂੰ ਕਿਵੇਂ ਸੂਚੀਬੱਧ ਕਰਦੇ ਹਨ?
Disability Gateway ਹਿੱਤਧਾਰਕ ਕਿੱਟ
Disability Gateway ਬਾਰੇ ਸੰਚਾਰ ਉਤਪਾਦ
Disability Gateway ਬਾਰੇ ਅਨੁਵਾਦ ਕੀਤੀ ਹੋਈ ਜਾਣਕਾਰੀ
ਜੇ ਅੰਗਰੇਜ਼ੀ ਮੇਰੀ ਪਹਿਲੀ ਭਾਸ਼ਾ ਨਹੀਂ ਹੈ ਤਾਂ ਕੀ ਹੋਵੇਗਾ?
ਜੇਕਰ ਮੈਨੂੰ ਅੰਗਰੇਜ਼ੀ ਸਮਝ ਆਉਂਦੀ ਹੈ, ਪਰ ਇਸਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਕੀ ਹੋਵੇਗਾ?
ਜੇਕਰ ਮੈਨੂੰ ਸੁਣਨ ਜਾਂ ਬੋਲਣ ਸੰਬੰਧੀ ਕਮਜ਼ੋਰੀ ਹੈ ਤਾਂ ਕੀ ਹੋਵੇਗਾ?


### Disability Gateway ਕੀ ਹੈ?

Disability Gateway:

- ਸੰਬੰਧਿਤ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ ਸਮਝ ਵਿੱਚ ਸੁਧਾਰ ਕਰੇਗਾ
- ਸਿਹਤ, ਰਿਹਾਇਸ਼, ਰੁਜ਼ਗਾਰ, ਆਵਾਜਾਈ ਅਤੇ ਰੋਜ਼ਮਰ੍ਹਾ ਜੀਵਨ ਵਰਗੇ ਕਈ ਖਿੱਤਿਆਂ ਨੂੰ ਆਪਣੇ ਅਧੀਨ ਲਿਆਵੇਗਾ
- ਅਪੰਗਤਾ ਜਾਣਕਾਰੀ, ਸੇਵਾਵਾਂ ਅਤੇ ਪ੍ਰੋਗਰਾਮਾਂ ਲਈ ਭੇਜੇ ਜਾਣ ਲਈ ਮੁੱਖ ਦਾਖ਼ਲਾ ਬਿੰਦੂ ਵਜੋਂ ਮੌਜੂਦ ਹੋਵੇਗਾ

Disability Gateway ਵੈੱਬਸਾਈਟ ਆਸਟ੍ਰੇਲੀਆਈ ਸਰਕਾਰ ਦੁਆਰਾ ਬਣਾਈ ਗਈ ਹੈ।

### Disability Gateway ਕਿਸ ਲਈ ਹੈ?

Disability Gateway ਸਾਰੇ ਅਪਾਹਜ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਹੈ।

Australian Government
Department of Social Services

Disability Gateway
Connecting you to information and services

## ਮੈਂ Disability Gateway ਬਾਰੇ ਫੀਡਬੈਕ ਕਿਵੇਂ ਦੇਵਾਂ?

ਇਸ ਵੈੱਬਸਾਈਟ 'ਤੇ ਦਿੱਤੇ ਗਏ ਫੀਡਬੈਕ ਲਿੰਕ ਰਾਹੀਂ ਅੰਗਰੇਜ਼ੀ ਵਿੱਚ ਆਪਣੀ ਫੀਡਬੈਕ ਦਿਓ।

## ਮੈਂ Disability Gateway ਨਾਲ ਕਿਵੇਂ ਸੰਪਰਕ ਕਰਾਂ?

ਤੁਸੀਂ Disability Gateway ਨੂੰ 1800 643 787 'ਤੇ ਫ਼ੋਨ ਕਰ ਸਕਦੇ ਹੋ ਜਾਂ disabilitygateway@benevolent.org.au 'ਤੇ ਈ-ਮੇਲ ਭੇਜ ਸਕਦੇ ਹੋ ਜਾਂ ਅੰਗਰੇਜ਼ੀ ਵਿੱਚ 'ਸਾਡੇ ਨਾਲ ਸੰਪਰਕ ਕਰੋ' ਫਾਰਮ ਭਰ ਸਕਦੇ ਹੋ।

## ਸੇਵਾ ਪ੍ਰਦਾਤਾ ਆਪਣੀ ਸੇਵਾ ਨੂੰ ਕਿਵੇਂ ਸੂਚੀਬੱਧ ਕਰਦੇ ਹਨ?

ਸੇਵਾ ਪ੍ਰਦਾਤਾ ਇੱਕ ਸੇਵਾ ਜੋੜਨ ਲਈ ਇੱਕ ਫਾਰਮ ਜਮ੍ਹਾਂ ਕਰਕੇ Ask Izzy 'ਤੇ ਸੂਚੀਬੱਧ ਹੋਣ ਦੀ ਬੇਨਤੀ ਕਰ ਸਕਦੇ ਹਨ।

## Disability Gateway ਹਿੱਤਧਾਰਕ ਕਿੱਟ

Disability Gateway ਦੇ ਲਾਭਾਂ ਨੂੰ ਅੱਗੇ ਪਹੁੰਚਾਉਣ ਵਿੱਚ ਸਾਡੀ ਮੱਦਦ ਕਰੋ ਅਤੇ ਅਪਾਹਜਤਾ ਵਾਲੇ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਇਸ ਵੈੱਬਸਾਈਟ 'ਤੇ ਜਾਣ ਅਤੇ ਆਪਣੀ ਫੀਡਬੈਕ ਦੇਣ ਲਈ ਉਤਸ਼ਾਹਿਤ ਕਰੋ। Disability Gateway ਹਿੱਤਧਾਰਕ ਕਿੱਟ ਵਿੱਚ ਤੁਹਾਡੇ ਲਈ ਆਪਣੇ ਜਾਣ-ਪਛਾਣ ਦੇ ਲੋਕਾਂ ਨਾਲ ਸਾਂਝਾ ਕਰਨ ਲਈ ਜਾਣਕਾਰੀ ਹੈ।
ਇਹ ਜਾਣਕਾਰੀ ਅੰਗਰੇਜ਼ੀ ਵਿੱਚ ਹੈ।

Disability Gateway ਬਾਰੇ ਜਾਣਕਾਰੀ ਡਾਊਨਲੋਡ ਕਰਨ ਲਈ ਉਪਲਬਧ ਹੈ।

- Disability Gateway ਦੀ ਵਰਤੋਂ ਕਿਵੇਂ ਕਰਨੀ ਹੈ?
- ਪੋਸਟਰ
- ਜਾਣਕਾਰੀ ਕਿਤਾਬਚਾ (ਬਰੋਸ਼ਰ)
- ਕੇਸ ਅਧਿਐਨ

Disability Gateway ਬਾਰੇ ਅਨੁਵਾਦ ਕੀਤੀ ਹੋਈ ਜਾਣਕਾਰੀ ਉਪਲਬਧ ਹੈ।

## ਜੇ ਅੰਗਰੇਜ਼ੀ ਮੇਰੀ ਪਹਿਲੀ ਭਾਸ਼ਾ ਨਹੀਂ ਹੈ ਤਾਂ ਕੀ ਹੋਵੇਗਾ?

ਜੇ ਤੁਸੀਂ Disability Gateway ਵੈੱਬਪੇਜਾਂ ਉਪਰ ਦਿੱਤੀਆਂ ਗਈਆਂ ਭਾਸ਼ਾਵਾਂ ਤੋਂ ਇਲਾਵਾ ਹੋਰ ਕਿਸੇ ਭਾਸ਼ਾ ਵਿੱਚ ਅਨੁਵਾਦ ਕਰਵਾਉਣਾ ਚਾਹੁੰਦੇ ਹੋ, ਤਾਂ ਤੁਸੀਂ

13 14 50 'ਤੇ 'ਅਨੁਵਾਦ ਅਤੇ ਦੁਭਾਸ਼ੀਆ ਸੇਵਾ' ਨੂੰ ਫ਼ੋਨ ਕਰ ਸਕਦੇ ਹੋ। ਇਹ ਸੇਵਾ 100 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੀ ਹੈ ਅਤੇ ਹਫ਼ਤੇ ਦੇ 7 ਦਿਨ 24 ਘੰਟੇ ਉਪਲਬਧ ਹੈ।

ਜੇਕਰ ਤੁਸੀਂ ਹੋਰ ਭਾਸ਼ਾਵਾਂ ਵਿੱਚ ਅਪੰਗਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਮੱਦਦ ਚਾਹੁੰਦੇ ਹੋ, ਤਾਂ MiAccess ਉਹਨਾਂ ਲੋਕਾਂ ਨੂੰ NDIS ਤੱਕ ਪਹੁੰਚ ਕਰਨ ਲਈ ਸਹਾਇਤਾ ਦੇ ਸਕਦੀ ਹੈ ਜਿਨ੍ਹਾਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ।
ਵਧੇਰੇ ਜਾਣਕਾਰੀ ਲਈ MiAccess 'ਤੇ ਜਾਓ।

## ਜੇਕਰ ਮੈਨੂੰ ਅੰਗਰੇਜ਼ੀ ਸਮਝ ਆਉਂਦੀ ਹੈ, ਪਰ ਇਸਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ Disability Gateway 'ਤੇ ਉਪਲਬਧ ਜਾਣਕਾਰੀ ਸੁਣਨ ਦੀ ਲੋੜ ਹੈ, ਤਾਂ ਤੁਸੀਂ ਲਿਖਤੀ ਟੈਕਸਟ ਨੂੰ ਆਪਣੇ ਆਪ ਪੜ੍ਹੇ ਜਾਣ ਲਈ Readspeaker ਦੀ ਵਰਤੋਂ ਕਰ ਸਕਦੇ ਹੋ। ਕਿਸੇ ਵੀ ਪੰਨੇ 'ਤੇ 'ਸੁਣੋ' ਬਟਨ 'ਤੇ ਕਲਿੱਕ ਕਰੋ ਅਤੇ ਇਹ ਤੁਹਾਡੇ ਲਈ ਉੱਚੀ ਆਵਾਜ਼ ਵਿੱਚ ਪੜ੍ਹਿਆ ਜਾਵੇਗਾ।

## ਜੇਕਰ ਮੈਨੂੰ ਸੁਣਨ ਜਾਂ ਬੋਲਣ ਸੰਬੰਧੀ ਕਮਜ਼ੋਰੀ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਨੂੰ ਇਸ ਵੈੱਬਸਾਈਟ ਬਾਰੇ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ, ਤਾਂ ਤੁਸੀਂ ਨੈਸ਼ਨਲ ਰੀਲੇਅ ਸਰਵਿਸ ਰਾਹੀਂ Disability Gateway ਨਾਲ ਸੰਪਰਕ ਕਰ ਸਕਦੇ ਹੋ, ਨੈਸ਼ਨਲ ਰੀਲੇਅ ਸਰਵਿਸ ਦੀ ਵੈੱਬਸਾਈਟ 'ਤੇ ਜਾ ਕੇ, ਆਪਣੀ ਸਹੂਲਤ ਅਨੁਸਾਰ ਇਸ ਸੇਵਾ ਦੀ ਵਰਤੋਂ ਕਰਨ ਦਾ ਤਰੀਕਾ ਚੁਣੋ।

## Disability Gateway 'ਤੇ ਸਵਦੇਸ਼ੀ ਲੋਕਾਂ ਦੁਆਰਾ ਬਣਾਈਆਂ ਤਸਵੀਰਾਂ

ਅਸੀਂ ਸਵੀਕਾਰ ਕਰਦੇ ਹਾਂ ਕਿ Disability Gateway 'ਤੇ ਸਵਦੇਸ਼ੀ ਲੋਕਾਂ ਦੁਆਰਾ ਬਣਾਈਆਂ ਤਸਵੀਰਾਂ ਹਨ, ਜੋ ਮਾਰਕਸ ਲੀਅ ਦੁਆਰਾ ਡਿਜ਼ਾਈਨ ਕੀਤੀਆਂ ਗਈਆਂ ਸਨ। ਮਾਰਕਸ ਇੱਕ ਬੇਹੱਦ ਪ੍ਰਤਿਭਾਸ਼ਾਲੀ ਡਿਜ਼ਾਈਨਰ ਹੈ ਜਿੰਨ੍ਹਾਂ ਦੇ ਪਿਛਲੇ 30 ਸਾਲਾਂ ਵਿੱਚ ਕੀਤੇ ਕੰਮ ਨੇ ਲੱਖਾਂ ਆਸਟ੍ਰੇਲੀਆਈ ਵਾਸੀਆਂ ਨੂੰ ਪ੍ਰਭਾਵਿਤ ਕੀਤਾ ਹੈ। ਡਾਰਵਿਨ NT ਵਿੱਚ ਜੰਮਿਆ ਅਤੇ ਪਲਿਆ ਮਾਰਕਸ ਕਰਾਜਾਰੀ ਲੋਕਾਂ ਦੇ ਵੰਸ਼ ਵਿੱਚੋਂ ਹੈ ਅਤੇ ਉਸਨੂੰ ਆਪਣੀ ਐਬੋਰਿਜ਼ਨਲ ਵਿਰਾਸਤ 'ਤੇ ਮਾਣ ਹੈ। Disability Gateway ਲਈ, ਮਾਰਕਸ ਦੇ ਡਿਜ਼ਾਈਨ ਹਰ ਪੇਜ ਦੇ ਉੱਪਰ ਅਤੇ ਹੇਠਾਂ 'ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਦੇਸ਼ ਅਤੇ ਭਾਈਚਾਰੇ ਨਾਲ ਸੰਬੰਧ ਦੀ ਕਲਪਨਾ ਕਰਦੇ ਹਨ, ਅਤੇ Disability Gateway ਸੇਵਾਵਾਂ ਤੱਕ ਪਹੁੰਚ ਨੂੰ ਜੋੜਦੇ ਹਨ। ਇਹ ਗੋਲ ਚੱਕਰ ਦੇਸ਼ ਭਰ ਵਿੱਚ ਦੀ ਵਹਿੰਦੇ ਹਨ, ਜੋ ਕਿ ਅਪੰਗਤਾ ਵਾਲੇ ਸਾਰੇ ਲੋਕਾਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਆਸਟ੍ਰੇਲੀਆ ਵਿਆਪੀ ਸਹਾਇਤਾ ਪ੍ਰਦਾਨ ਕਰਦੇ ਹਨ।'